بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 17.08.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਦਿਲ ਖਿਚੱਵਾਂ ਤੇ ਮਨਮੋਹਕ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 17 ਅਗਸਤ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮਾਡਰਨ (ਲੰਡਨ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਵੀ ਮੈਂ ਕੁਝ ਬਦਰੀ ਸਹਾਬਾ ਦਾ ਵਰਨਣ ਕਰਾਂਗਾ । ਇਹਨਾਂ ਵਿੱਚੋਂ ਪਹਿਲੇ ਹਨ ਹਜ਼ਜਰਤ ਆਮਿਰ ਬਿਨ ਰਬੀਆ । ਇਹਨਾਂ ਦਾ ਪਰਿਵਾਰ ਹਜ਼ਰਤ ਉਮਰ ਦੇ ਪਿਤਾ ਖ਼ਤਾਬ ਦਾ ਸੰਬੰਧੀ ਸੀ । ਇਸ ਕਰਕੇ ਹਜ਼ਰਤ ਉਮਰ ਅਤੇ ਹਜ਼ਰਤ ਆਮਿਰ ਵਿੱਚ ਅੰਤ ਸਮੇਂ ਤੱਕ ਮਿਤੱਰਤਾ ਵਾਲੇ ਸੰਬੰਧ ਬਣੇ ਰਹੇ । ਇਹ ਬਿਲਕੁਲ ਅਰੰਭ ਵਿੱਚ ਇਮਾਨ ਲਿਆਏ ਸਨ । ਜੱਦ ਇਮਾਨ ਲਿਆਏ ਉਸ ਸਮੇਂ ਤੱਕ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਦਾਰੇ ਅਰਕਮ ਵਿੱਚ ਪਨਾਹ ਨਹੀਂ ਲਈ ਸੀ । ਹਜ਼ਰਤ ਆਮਿਰ ਆਪਣੀ ਪਤਨੀ ਲੈਲਾ ਬਿਨਤ ਹਸ਼ਮਾ ਦੇ ਨਾਲ ਹਬਸ਼ਾ ਵੱਲ ਹਿਜਰਤ ਕਰ ਗਏ ਫਿਰ ਉਸ ਦੇ ਬਾਦ ਮੱਕੇ ਪਰਤ ਆਏ ਅਤੇ ਫਿਰ ਮਦੀਨੇ ਵੱਲ ਹਿਜਰਤ ਕਰ ਗਏ । ਹਜ਼ਰਤ ਆਮਿਰ ਬਿਨ ਰਬੀਆ ਦੀ ਪਤਨੀ ਨੂੰ ਸਭ ਤੋਂ ਪਹਿਲੇ ਮਦੀਨੇ ਹਿਜਰਤ ਕਰਨ ਵਾਲੀ ਇਸਤਰੀ ਦਾ ਸਨਮਾਨ ਪ੍ਰਾਪਤ ਹੈ । ਆਪ ਬਦਰ ਅਤੇ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਨ । ਆਪ ਦੀ ਵਫ਼ਾਤ 32 ਹਿਜਰੀ ਵਿੱਚ ਹੋਈ । ਆਪ ਕਬੀਲਾ ਅਨਸ ਵਿੱਚੋਂ ਸਨ ।

ਹਜ਼ਰਤ ਆਮਿਰ ਬਿਆਨ ਕਰਦੇ ਹਨ ਕਿ ਉਹਨਾਂ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੱਦ ਕੋਈ ਵਿਅਕਤੀ ਤੁਹਾਡੇ ਵਿੱਚੋਂ ਜਨਾਜ਼ੇ ਨੂੰ ਦੇਖੇ ਅਤੇ ਉਸ ਦੇ ਨਾਲ ਜਾਣਾ ਨ ਚਾਹੇ ਤਾਂ ਖੜ੍ਹਾ ਹੋ ਜਾਏ ਇੱਥੋਂ ਤੱਕ ਕਿ ਉਹ ਜਨਾਜ਼ਾ ਉਸ ਨੂੰ ਪਿੱਛੇ ਛੱਡ ਜਾਏ ਜਾਂ ਰੱਖ ਦਿਤੱਾ ਜਾਏ ।

ਅਬਦੁਲੱਾਹ ਬਿਨ ਆਮਿਰ ਆਪਣੇ ਪਿਤਾ ਹਜ਼ਰਤ ਆਮਿਰ ਤੋਂ ਰਿਵਾਇਤ ਕਰਦੇ ਹਨ ਕਿ ਉਹ ਇਕ ਰਾਤ ਨਮਾਜ਼ ਪੜ੍ਹਨ ਲਈ ਖੜੇ ਹੋਏ । ਇਹ ਉਹ ਸਮਾਂ ਸੀ ਕਿ ਲੋਕ ਹਜ਼ਰਤ ਉਸਮਾਨ ਬਾਰੇ ਮਤਿਭੇਦ ਕਰ ਰਹੇ ਸਨ ।

ਉਸ ਸਮੇਂ ਫ਼ਿਤਨੇ ਦਾ ਅਰੰਭ ਹੋ ਚੁਕਿਆ ਸੀ ਅਤੇ ਲੋਕ ਉਹਨਾਂ'ਤੇ ਤਾਹਨੇ ਮਿਹਣੇ ਕਸਦੇ ਸਨ, ਕਿ ਨਮਾਜ਼ ਦੇ ਬਾਦ ਉਹ ਸੌਂ ਗਏ ਤਾਂ ਉਹਨਾਂ ਨੇ ਸੁਪਨਾ ਦੇਖਿਆ, ਉਹਨਾਂ ਨੂੰ ਕਿਹਾ ਗਿਆ ਕਿ ਉਠ ਅਤੇ ਰੱਬ ਤੋਂ ਦੁਆ ਮੰਗ ਕਿ ਤੈਨੂੰ ਇਸ ਫ਼ਿਤਨੇ ਤੋਂ ਮੁਕਤੀ ਦੇਵੇ ਜਿਸ ਤੋਂ ਉਸ ਨੇ ਆਪਣੇ ਨੇਕ ਬੰਦਿਆਂ ਨੂੰ ਮੁਕਤੀ ਦਿੱਤੀ ਹੈ । ਇਉਂ ਹਜ਼ਰਤ ਆਮਿਰ ਬਿਨ ਰਬੀਆ ਉੱਠੇ ਅਤੇ ਉਹਨਾਂ ਨੇ ਨਮਾਜ਼ ਪੜ੍ਹੀ ਅਤੇ ਇਸਦੇ ਬਾਦ ਦੁਆ ਮੰਗੀ, ਸੋ ਇਸ ਦੇ ਬਾਦ ਉਹ ਬਿਮਾਰ ਪੈ ਗਏ ਅਤੇ ਫਿਰ ਉਹ ਆਪ ਕਦੇ ਵੀ ਘਰੋਂ ਬਾਹਰ ਨਹੀਂ ਨਿਕਲੇ, ਉਹਨਾਂ ਦਾ ਜਨਾਜ਼ਾ ਹੀ ਨਿਕਲਿਆ । ਅਲੱਾਹ ਤਆਲਾ ਨੇ ਫ਼ਿਤਨੇ ਤੋਂ ਬਚਣ ਦੀ ਇਹ ਅਵਸਥਾ ਉਹਨਾਂ ਲਈ ਬਣਾਈ ।

ਇਕ ਮੌਕੇ ਇਕ ਵਿਅਕਤੀ ਨੇ ਹਜ਼ਰਤ ਆਮਿਰ ਨੂੰ ਕਿਹਾ ਕਿ ਮੈਂ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਤੋਂ ਇਕ ਅਜਿਹੀ ਵਾਦੀ ਜਾਗੀਰ ਦੇ ਰੂਪ ਵਿੱਚ ਮੰਗੀ ਸੀ ਕਿ ਪੂਰੇ ਅਰਬ ਵਿੱਚ ਇਸ ਤੋਂ ਚੰਗੀ ਵਾਦੀ ਨਹੀਂ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹ ਮੈਨੂੰ ਪ੍ਰਦਾਨ ਕੀਤੀ ਹੈ । ਹੁਣ ਮੈਂ ਚਾਹੁੰਦਾ ਹਾਂ ਕਿ ਉਸ ਵਾਦੀ ਦਾ ਇਕ ਟੋਟਾ ਆਪ ਨੂੰ ਦੇ ਦਿਆਂ ਜੋ ਆਪ ਦੇ ਜੀਵਨ ਵਿੱਚ ਆਪਦਾ ਹੋਵੇ ਅਤੇ ਆਪ ਦੇ ਬਾਦ ਆਪਦੀ ਸੰਤਾਨ ਲਈ ਹੋਵੇ । ਹਜ਼ਰਤ ਆਮਿਰ ਦੇ ਕਿਹਾ ਕਿ ਮੈਨੂੰ ਤੁਹਾਡੇ ਇਸ ਟੋਟੇ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਅੱਜ ਅਜਿਹੀ ਸੂਰਤ ਨਾਜ਼ਿਲ ਹੋਈ ਹੈ ਜਿਸ ਨੇ ਸਾਨੂੰ ਦੁਨੀਆ ਹੀ ਭੁਲਾ ਦਿੱਤੀ ਹੈ ਅਤੇ ਉਹ ਇਹ ਹੈ ਕਿ

(اِقْتَرَبَ لِلنَّاسِ حِسَابُهُمْ وَهُمْ فِيْ غَفْلَةٍ مُّعْرِضُوْنَ)

ਕਿ ਲੋਕਾਂ ਲਈ ਉਹਨਾਂ ਦਾ ਹਿਸਾਬ ਨੇੜੇ ਆ ਗਿਆ ਹੈ ਅਤੇ ਉਹ ਇਸ ਦੇ ਹੁੰਦਿਆਂ ਹੋਇਆਂ ਵੀ ਮੂੰਹ ਫੇਰੇ ਹੋਏ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਰਬ ਦੇ ਖ਼ੌਫ਼ ਤੇ ਡਰ ਦੀ ਇਹ ਹਾਲਤ ਸੀ ਇਹਨਾਂ ਚਮਕਦੇ ਹੋਏ ਸਿਤਾਰਿਆਂ ਦੀ ਅਤੇ ਇਹੋ ਲੋਕ ਸਨ ਜੋ ਵਾਸਤਵਿਕ ਰੂਪ ਵਿਚ ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਵਾਲੇ ਸਨ ।

ਹਜ਼ਰਤ ਆਮਿਰ ਬਿਨ ਰਬੀਆ ਤੋਂ ਰਿਵਾਇਤ ਹੈ ਕਿ ਕਿ ਜ਼ੈਦ ਬਿਨ ਉਮਰੋ ਨੇ ਕਿਹਾ ਮੈਨੂੰ ਹਜ਼ਰਤ ਇਸਮਾਈਲ ਅਲੈਹਿ ਸਲਾਮ ਦੀ ਸੰਤਾਨ ਵਿੱਚੋ ਇਕ ਨਬੀ ਦੇ ਪ੍ਰਕਟ ਹੋਣ ਦੀ ਉਡੀਕ ਸੀ, ਜਿੰਨ੍ਹਾ ਦਾ ਨਾਂ ਅਹਮਦ ਹੋਵੇਗਾ ਪਰ ਇਉਂ ਲਗੱਦਾ ਹੈ ਕਿ ਮੈਂ ਨਹੀਂ ਪਾ ਸਕਾਂਗਾ । ਮੈਂ ਉਹਨਾਂ'ਤੇ ਇਮਾਨ ਲਿਆਉਂਦਾ ਹਾਂ, ਉਹਨਾਂ ਦੀ ਤਸਦੀਕ ਕਰਦਾ ਹਾਂ । ਮੈਂ ਗਵਾਹੀ ਦਿੰਦਾ ਹਾਂ ਕਿ ਉਹ ਨਬੀ ਹਨ । ਜੇਕਰ ਤੁਹਾਨੂੰ ਉਹਨਾਂ ਦਾ ਅਹਿਦ (ਨੇਮ) ਨਸੀਬ ਹੋ ਜਾਏ ਤਾਂ ਮੇਰਾ ਸਲਾਮ ਪੇਸ਼ ਕਰਨਾ । ਮੈਂ ਤੁਹਾਨੂੰ ਉਹਨਾਂ ਦੀ ਅਜਿਹੀ ਅਲਾਮਤਾਂ ਦਸੱਦਾ ਹਾਂ ਕਿ ਉਹ ਤੁਹਾਡੇ ਲਈ ਗੁਪਤ ਨਹੀਂ ਰਹਿਣਗੇ । ਉਹ ਨ ਹੀ ਬਹੁਤੇ ਲੰਮੇ ਕੱਦ ਦੇ ਹਨ ਅਤੇ ਨ ਹੀ ਬਹੁਤ ਛੋਟੇ ਕੱਦ ਦੇ ਹਨ । ਉਹਨਾਂ ਦੇ ਵਾਲ ਨ ਹੀ ਬਹੁਤੇ ਘਣੇ ਅਤੇ ਨ ਹੀ ਬਹੁਤੇ ਵਿਰਲੇ । ਉਹਨਾਂ ਦੀਆਂ ਅਖੱਾਂ ਵਿੱਚ ਸੁਰਖ਼ੀ ਹਰ ਸਮੇਂ ਰਹੇਗੀ । ਉਹਨਾਂ ਦੇ ਮੋਢਿਆਂ ਵਿਚਕਾਰ ਨਬੁਵੱਤ ਦੀ ਮੁਹਰ ਹੋਵੇਗੀ । ਉਹਨਾਂ ਦਾ ਨਾਂ ਅਹਮਦ ਹੋਵੇਗਾ । ਇਹ ਸ਼ਹਿਰ ਮਕੱਾ ਉਹਨਾਂ ਦਾ ਜਨਮ ਸਥਾਨ ਹੋਵੇਗਾ ਅਤੇ ਬੈਅਤ ਦੀ ਥਾਂ ਹੋਵੇਗੀ । ਫਿਰ ਉਹਨਾਂ ਦੀ ਕੌਮ ਉਹਨਾਂ ਨੂੰ ਇੱਥੋਂ ਕੱਢ ਦੇਵੇਗੀ । ਉਹ ਉਹਨਾਂ ਦੇ ਸੰਦੇਸ਼ ਨੂੰ ਨਾਪਸੰਦ ਕਰਨਗੇ, ਫਿਰ ਯਸਰਬ ਵੱਲ ਹਿਜਰਤ ਕਰਨਗੇ । ਹਜ਼ਰਤ ਆਮਿਰ ਨੇ ਕਿਹਾ ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਪ੍ਰਕਟ ਹੋਏ ਤਾਂ ਮੈਂ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਜ਼ੈਦ ਬਾਰੇ ਦੱਸਿਆ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਮੈਂ ਉਸ ਨੂੰ ਸਵਰਗ ਵਿੱਚ ਦੇਖਿਆ ਹੈ ਉਹ ਆਪਣਾ ਦਾਮਨ ਘਸੀਟ ਰਿਹਾ ਸੀ ।

ਦੂਸਰੇ ਸਹਾਬੀ ਹਨ ਹਜ਼ਰਤ ਹਰਾਮ ਬਿਨ ਮਲਹਾਨ, ਇਹਨਾਂ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂ ਅਦੀ ਬਿਨ ਨਜਾਰ ਨਾਲ ਸੀ । ਆਪ ਦੇ ਪਿਤਾ ਮਲਹਾਨ ਦਾ ਨਾਂ ਮਾਲਿਕ ਬਿਨ ਖ਼ਾਲਿਦ ਸੀ । ਹਜ਼ਰਤ ਹਰਾਮ ਬਿਨ ਮਲਹਾਨ ਦੀ ਮਾਤਾ ਦਾ ਨਾਂ ਮੁਲੀਕਾ ਬਿੰਤ ਮਾਲਿਕ ਸੀ । ਆਪ ਦੀ ਇਕ ਭੈਣ ਹਜ਼ਰਤ ਉਮੇ ਸੁਲੈਮ ਸਨ ਜੋ ਹਜ਼ਰਤ ਅਬੂ ਤਲਹਾ ਅੰਸਾਰੀ ਦੀ ਸੁਪਤਨੀ ਅਤੇ ਹਜ਼ਰਤ ਅਨਸ ਬਿਨ ਮਾਲਿਕ ਦੀ ਮਾਤਾ ਸਨ । ਆਪ ਦੀ ਦੂਜੀ ਭੈਣ ਹਜ਼ਰਤ ਉਮੇ ਹਰਾਮ ਹਜ਼ਰਤ ਇਬਾਦਹ ਬਿਨ ਸਾਮਤ ਦੀ ਪਤਨੀ ਸਨ । ਹਜ਼ਰਤ ਹਰਾਮ ਬਿਨ ਮਲਹਾਨ ਹਜ਼ਰਤ ਅਨਸ ਦੇ ਮਾਮਾ ਸਨ ਅਤੇ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਸਨ ਅਤੇ ਬੈਅਰੇ ਮਊਨਾ ਦੇ ਦਿਨ ਸ਼ਹੀਦ ਹੋਏ ਸਨ ।

ਹਜ਼ਰਤ ਅਨਸ ਬਿਨ ਮਾਲਿਕ ਤੋਂ ਰਿਵਾਇਤ ਹੈ ਕਿ ਜੱਦ ਹਜ਼ਰਤ ਹਾਰਾਮ ਬਿਨ ਮਲਹਾਨ ਨੂੰ ਬਐਰੇ ਮਊਨਾ ਵਾਲੇ ਦਿਨ ਨੇਜ਼ਾ ਮਾਰਿਆ ਗਿਆ ਤਾਂ ਉਹਨਾਂ ਨੇ ਆਪਣਾ ਰਕਤ ਆਪਣੇ ਹੱਥ ਵਿੱਚ ਲੈ ਲਿਆ ਅਤੇ ਆਪਣੇ ਮੂੰਹ ਤੇ ਆਪਣੇ ਸਿਰ ਉਪੱਰ ਛਿੜਕਿਆ ਅਤੇ ਇਸ ਦੇ ਬਾਦ ਕਿਹਾ ਫ਼ੁਜ਼ਤੁ ਬਿਰੱਬਿਲ ਕਾਬਾਤਿ ( فُزْتُ بِرَبِّ الْكَعْبَةِ) ਕਾਬੇ ਦੇ ਰੱਬ ਦੀ ਸੰਹੁ ਮੈਂ ਮੁਰਾਦ ਨੂੰ ਪਾ ਲਿਆ । ਹਜ਼ਰਤ ਅਨਸ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਕੋਲ ਰਅਲ, ਜ਼ਕਵਾਨ ਅਤੇ ਬਨੂ ਲਹਯਾਨ ਕਬੀਲੇ ਦੇ ਕੁਝ ਲੋਕ ਆਏ ਅਤੇ ਕਿਹਾ ਕਿ ਅਸੀਂ ਮੁਸਲਮਾਨ ਹੋ ਗਏ ਹਾਂ ਅਤੇ ਉਹਨਾਂ ਨੇ ਆਪ ਤੋਂ ਆਪਣੀ ਕੌਮ ਦੇ ਮੁਕਾਬਲੇ ਲਈ ਮਦਦ ਮੰਗੀ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਦੀ ਸਤੱਰ ਅੰਸਾਰ ਸਹਾਬਾ ਨਾਲ ਮਦਦ ਕੀਤੀ। ਹਜ਼ਰਤ ਅਨਸ ਕਹਿੰਦੇ ਸਨ ਕਿ ਅਸੀਂ ਉਹਨਾਂ ਨੂੰ ਕਾਰੀ (ਜਿਸ ਨੂੰ ਸੰਪੂਰਨ ਕੁਰਆਨ ਕਰੀਮ ਕੰਠ ਹੋਵੇ) ਕਿਹਾ ਕਰਦੇ ਸਨ । ਦਿਨ ਸਮੇਂ ਉਹ ਲਕੜਾਂ ਲਿਆਉਂਦੇ ਅਤੇ ਰਾਤ ਸਮੇਂ ਨਮਾਜ਼ਾਂ ਪੜ੍ਹਦੇ । ਉਹ ਲੋਕ ਉਹਨਾਂ ਨੂੰ ਲੈ ਗਏ । ਜੱਦ ਬੈਅਰੇ ਮਊਨਾ ਦੇ ਸਥਾਨ ਉਪੱਰ ਪਹੁੰਚੇ ਤਾਂ ਉਹਨਾਂ ਨੇ ਉਹਨਾਂ ਨਾਲ ਗ਼ਦੱਾਰੀ ਕੀਤੀ ਅਤੇ ਉਹਨਾਂ ਨੂੰ ਮਾਰ ਮੁਕਾਇਆ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇਕ ਮਹੀਨੇ ਤੱਕ ਅਤੇ ਕੁਝ ਰਿਵਾਇਤਾਂ ਅਨੁਸਾਰ ਚਾਲ੍ਹੀ ਦਿਨ ਤੱਕ ਨਮਾਜ਼ ਵਿੱਚ ਖੜੇ ਹੋਕੇ ਰਅਲ, ਜ਼ਕਵਾਨ ਅਤੇ ਬਨੂ ਲਹਯਾਨ ਲਈ ਬਦ ਦੁਆ ਕਰਦੇ ਰਹੇ । ਮੈਂ ਆਪ ਨੂੰ ਕਦੇ ਨਹੀਂ ਦੇਖਿਆ ਕਿ ਕਿਸੇ ਉਪੱਰ ਐਨ੍ਹਾ ਦੁੱਖ ਆਪਨੇ ਕੀਤਾ ਹੋਵੇ ਜਿੰਨ੍ਹਾ ਆਪ ਨੇ ਇਹਨਾਂ ਕਾਰੀਆਂ ਉਪੱਰ ਦੁੱਖ ਕੀਤਾ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਉਹ ਲੋਕ ਸਨ ਜੋ ਰੱਬ ਦੀ ਰਜ਼ਾ ਨੂੰ ਹਾਸਲ ਕਰਨਾ ਆਪਣੇ ਅਸਲ ਮੰਤਵ ਸਮਝਦੇ ਸਨ ਅਤੇ ਸੰਸਾਰਕ ਸਫ਼ਲਤਾਵਾਂ ਉਹਨਾਂ ਦਾ ਅਸਲ ਉਦੇਸ਼ ਨਹੀਂ ਸੀ । ਫਿਰ ਅਲੱਾਹ ਤਆਲਾ ਨੇ ਵੀ ਇਹਨਾਂ ਬਾਰੇ ਐਲਾਨ ਕੀਤਾ ਕਿ ਰੱਬ ਇਹਨਾਂ ਤੋਂ ਰਾਜ਼ੀ ਹੋਇਆ ।

ਬਐਰੇ ਮਊਨਾ ਦੇ ਸਥਾਨ ਉਪੱਰ ਸ਼ਹੀਦੀ ਸਮੇਂ ਸਹਾਬਾ ਨੇ ਰੱਬ ਤੋਂ ਇਹ ਦੁਆ ਕੀਤੀ ਕਿ

(اَللّٰهُمَّ بَلِّغْ عَنَّا نَبِيَّنَا اَنَّا قَدْ لَقِيْنَاكَ فَرَضِيْنَا عَنْكَ وَرَضِيْتُ عَنَّا)

ਹੇ, ਅਲੱਾਹ ! ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਸਾਡੇ ਹਾਲਾਤਾਂ ਬਾਰੇ ਜਾਣੂ ਕਰਾਦੇ ਕਿ ਅਸੀਂ ਤੈਥੋਂ ਜਾ ਮਿਲੇ ਹਾਂ ਅਤੇ ਅਸੀਂ ਤੈਥੋਂ ਅਤੇ ਤੂੰ ਸਾਡੇ ਕੋਲੋਂ ਰਾਜ਼ੀ ਹੈ । ਹਜ਼ਰਤ ਅਨਸ ਬਿਆਨ ਕਰਦੇ ਹਨ ਕਿ ਹਜ਼ਰਤ ਜਿਬਰਾਈਲ ਅਲੈਹਿ ਸਲਾਮ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਆਏ ਅਤੇ ਆਪ ਨੂੰ ਇਹ ਖ਼ਬਰ ਦਿੱਤੀ ਕਿ ਆਪ ਸਲਲੱਾਹੁ ਅਲੈਹਿ ਵਸਲਮ ਦੇ ਉਹ ਸਾਥੀ ਰੱਬ ਨੂੰ ਜਾ ਮਿਲੇ ਹਨ ਅਤੇ ਅਲੱਾਹ ਉਹਨਾਂ ਤੋਂ ਰਾਜ਼ੀ ਹੈ ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਇਸ ਘਟਨਾ ਬਾਰੇ ਬਿਆਨ ਕਰਦੇ ਹਨ ਕਿ ਬਐਰੇ ਮਊਨਾ ਤੇ ਰਜੀਅ ਦੀਆਂ ਘਟਨਾਵਾਂ ਤੋਂ ਅਰਬ ਦੇ ਕਬੀਲਿਆਂ ਦੇ ਉਸ ਅਤਿਅੰਤ ਦਰਜੇ ਦੇ ਕੀਨੇ ਤੇ ਵੈਰ ਦਾ ਪਤਾ ਲਗੱਦਾ ਹੈ ਜੋ ਉਹ ਇਸਲਾਮ ਅਤੇ ਇਸਲਾਮ ਦੇ ਪੈਰੋਕਾਰਾਂ ਬਾਰੇ ਆਪਣੇ ਮਨਾਂ ਵਿੱਚ ਰਖੱਦੇ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਜਿੰਨ੍ਹਾ ਵੀ ਸਦਮਾ ਹੁੰਦਾ ਸੀ ਘੱਟ ਸੀ, ਪਰ ਉਸ ਸਮੇਂ ਆਪਨੇ ਉਹਨਾਂ ਦੇ ਵਿਰੁਧ ਕੋਈ ਜੰਗੀ ਕਾਰਵਾਈ ਨਹੀਂ ਕੀਤੀ, ਹਾਂ, ਸਗੋਂ ਇਸ ਖ਼ਬਰ ਦੇ ਆਉਣ ਦੀ ਮਿਤੀ ਤੋਂ ਲੈਕੇ ਬਰਾਬਰ ਤੀਹ ਦਿਨ ਤੱਕ ਆਪ ਨੇ ਪ੍ਰਤੀਦਿਨ ਸਵੇਰ ਦੀ ਨਮਾਜ਼ ਵਿੱਚ ਕਯਾਮ ਵਿੱਚ ਅਤਿਅੰਤ ਦਰਦ ਭਰੀ ਗਿੜਗੜਾਹਟ ਨਾਲ ਉਹਨਾਂ ਦਾ ਨਾਂ ਲੈ ਲੈਕੇ ਰੱਬ ਦੀ ਹਜ਼ੂਰੀ ਵਿੱਚ ਦੁਆ ਕੀਤੀ ਕਿ ਹੇ, ਮੇਰੇ ਆਕਾ ! ਤੂੰ ਸਾਡੀ ਹਾਲਤ ਉਪੱਰ ਰਹਿਮ ਕਰ ਅਤੇ ਇਸਲਾਮ ਦੇ ਦੁਸ਼ਮਣਾ ਦੇ ਹੱਥ ਰੋਕ ਜੋ ਤੇਰੇ ਦੀਨ ਨੂੰ ਮਿਟਾਉਣ ਲਈ ਇਸ ਬੇ ਰਿਹਮੀ ਤੇ ਸੰਗਦਿਲੀ ਨਾਲ ਬੇਗੁਨਾਹ ਮੁਸਲਮਾਨਾ ਦਾ ਰਕਤ ਵਹਾ ਰਹੇ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਅੱਜ ਵੀ ਦੁਸ਼ਮਣਾ ਦੇ ਹੱਥ ਰੋਕਣ ਲਈ ਦੁਆਵਾਂ ਰਾਹੀਂ ਰੱਬ ਦੀ ਮਦਦ ਮੰਗਣ ਦੀ ਲੋੜ ਹੈ । ਅਲੱਾਹ ਤਆਲਾ ਹੀ ਹੈ ਜੋ ਇਹਨਾਂ ਲੋਕਾਂ ਦੀ ਪਕੜ ਦਾ ਸਾਧਨ ਕਰੇ ਅਤੇ ਸਾਡੇ ਲਈ ਆਸਾਨੀਆਂ ਪੈਦਾ ਕਰੇ । ਹਜ਼ਰਤ ਸਾਅਦ ਬਿਨ ਖ਼ੌਲਾ ਇਕ ਸਹਾਬੀ ਸਨ ਆਪ ਦੀ ਗਿਣਤੀ ਸਾਬਕੀਨ (ਪੂਰਵ ਨਿਰਧਾਰਤ) ਵਿੱਚ ਹੁੰਦੀ ਹੈ ਆਪ ਹਬਸ਼ਾ ਵੱਲ ਦੂਜੀ ਵਾਰ ਹਿਜਰਤ ਕਰਨ ਵਾਲਿਆਂ ਵਿੱਚ ਸ਼ਾਮਲ ਸਨ ।

ਹਜ਼ਰਤ ਸਾਅਦ ਬਿਨ ਖ਼ੌਲਾ ਜੱਦ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਤਾਂ ਉਸ ਸਮੇਂ ਆਪ ਦੀ ਉਮਰ 25 ਸਾਲ ਸੀ, ਆਪ ਉਹਦ ਤੇ ਖ਼ੰਦਕ ਦੀ ਜੰਗ ਅਤੇ ਸੁਲਾਹ ਹੁਦੈਬੀਆ ਵਿੱਚ ਸ਼ਾਮਲ ਸਨ । ਆਪ ਹਜ਼ਰਤ ਸੁਨੇਆ ਅਸਲਮਿਯੱਾ ਦੇ ਪਤੀ ਸਨ । ਆਪ ਦਾ ਦੇਹਾਂਤ ਹਜੱਾਤੁਲ ਵਿਦਾ ਦੇ ਮੌਕੇ ਹੋਇਆ ।

ਫਿਰ ਇਕ ਸਹਾਬੀ ਹਨ ਹਜ਼ਰਤ ਅਬੁਲ ਹੇਸਮ । ਹਜ਼ਰਤ ਅਬੁਲ ਹੇਸਮ ਆਪਣੇ ਜਹਾਲਤ ਦੇ ਸਮੇਂ ਵਿੱਚ ਬੁਤਾਂ ਦੀ ਪ੍ਰਸਤਿਸ਼ ਤੋਂ ਬੇਜ਼ਾਰ ਸਨ ਅਤੇ ਉਹਨਾਂ ਨੂੰ ਬੁਰਾਭਲਾ ਕਹਿੰਦੇ ਸਨ । ਕਈਆਂ ਅਨੁਸਾਰ ਬੈਅਤੇ ਉਕਬਾ ਉਲਾ ਤੋਂ ਪਹਿਲਾਂ ਹਜ਼ਰਤ ਅਸਦ ਬਿਨਜ਼ਰਾਰਹ ਦੇ ਸੱਦੇ ਉਪੱਰ ਮਦੀਨੇ ਵਿੱਚ ਆਪ ਨੇ ਇਸਲਾਮ ਕੁਬੂਲ ਕੀਤਾ । ਬੈਅਤੇ ਉਕਬਾ ਉਲਾ ਦੇ ਸਮੇਂ ਮੱਕੇ ਜਾਣ ਵਾਲੇ ਬਾਰ੍ਹਾਂ ਵਿਅਕਤੀਆਂ ਦੇ ਜੱਥੇ ਵਿੱਚ ਆਪ ਵੀ ਸ਼ਾਮਲ ਸਨ । ਮੱਕੇ ਪਹੁੰਚਕੇ ਆਪ ਨੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਬੈਅਤ ਕਰ ਲਈ । ਸਰੀਤ ਖ਼ਾਤਾਮਨੱਬੀਯੀਨ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਰਜ਼ੀ ਅਲੱਾਹ ਅਨਹੁ ਲਿਖੱਦੇ ਹਨ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਲੋਕਾਂ ਤੋਂ ਵਖੱਰੇ ਹੋਕੇ ਇਕ ਘਾਟੀ ਵਿੱਚ ਇਹਨਾਂ ਨੂੰ ਮਿਲੇ । ਇਹਨਾਂ ਨੇ ਯਸਰਬ ਦੇ ਹਾਲਾਤਾਂ ਦੀ ਜਾਣਕਾਰੀ ਦਿੱਤੀ ਅਤੇ ਹੁਣ ਦੀ ਵਾਰੀ ਸਾਰਿਆਂ ਨੇ ਬਕਾਇਦਾ ਆਪ ਦੇ ਹਥੱਾਂ'ਤੇ ਬੈਅਤ ਕੀਤੀ, ਇਹ ਬੈਅਤ ਮਦੀਨੇ ਵਿੱਚ ਇਸਲਾਮ ਦੀ ਸਥਾਪਨਾ ਦੀ ਬੁਨਿਆਦੀ ਇੱਟ ਸੀ । ਬੈਅਤੇ ਉਕਬਾ ਸਾਨੀਆ ਵਿੱਚ ਜੱਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਸਤੱਰ ਅੰਸਾਰ ਵਿੱਚੋਂ ਬਾਰ੍ਹਾਂ ਸਿਰਕੱਢ ਨਿਯੁਕਤ ਕੀਤੇ ਤਾਂ ਉਹਨਾਂ ਵਿੱਚੋਂ ਅਬੁਲ ਹੇਸਮ ਇਕ ਸਨ । ਇਕ ਰਿਵਾਇਤ ਵਿੱਚ ਹੈ ਕਿ ਬੈਅਤੇ ਉਕਬਾ ਸਮੇਂ ਹਜ਼ਰਤ ਅਬੁਲ ਹੇਸਮ ਨੇ ਅਰਜ਼ ਕੀਤੀ, ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜੱਦ ਆਪ ਦੀ ਕੌਮ ਉਪੱਰ ਆਪਨੂੰ ਗ਼ਲਬਾ ਨਸੀਬ ਹੋਵੇ ਤਾਂ ਉਸ ਸਮੇਂ ਆਪ ਸਾਨੂੰ ਛਡੱਕੇ ਵਾਪਸ ਆਪਣੀ ਕੌਮ ਵਿੱਚ ਨ ਚਲੇ ਜਾਣ ਅਤੇ ਸਾਨੂੰ ਵੱਖ ਹੋਣ ਦਾ ਦਾਗ਼ ਨ ਦੇਣ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਇਹ ਸੁਣਕੇ ਮੁਸਕਰਾਏ ਅਤੇ ਫ਼ਰਮਾਇਆ ਹੁਣ ਤੁਹਾਡਾ ਖ਼ੂਨ ਮੇਰਾ ਖ਼ੂਨ ਹੋ ਚੁਕਿਆ ਹੈ, ਹੁਣ ਮੈਂ ਤੁਹਾਡੇ ਵਿੱਚੋਂ ਹਾਂ ਅਤੇ ਤੁਸੀਂ ਮੇਰੇ ਵਿੱਚੋਂ । ਹੁਣ ਜੋ ਤੁਹਾਥੋਂ ਜੰਗ ਕਰੇਗਾ ਉਹ ਮੈਥੋਂ ਜੰਗ

ਕਰੇਗਾ ਅਤੇ ਜੋ ਤੁਹਾਡੇ ਨਾਲ ਸੁਲਾਹ ਕਰੇਗਾ ਉਹ ਮੈਥੋਂ ਸੁਲਾਹ (ਸੰਧੀ) ਕਰੇਗਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੱਕੇ ਤੋਂ ਹਿਜਰਤ ਦੇ ਬਾਦ ਹਜ਼ਰਤ ਉਸਮਾਨ ਬਿਨ ਮਜ਼ਊਨ ਅਤੇ ਹਜ਼ਰਤ ਅਬੁਲ ਹੇਸਮ ਅੰਸਾਰੀ ਦੇ ਵਿਚਕਾਰ ਭਾਈਬੰਦੀ ਕਰਾਈ ।

ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ, ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ, ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ, ਹਜ਼ਰਤ ਅਬੁਲ ਹੇਸਮ ਅੰਸਾਰੀ ਰਜ਼ੀ ਅਲੱਾਹ ਅਨਹੁ ਦੇ ਘਰ ਗਏ । ਹਜ਼ਰਤ ਅਬੁਲ ਹੇਸਮ ਆਪ ਤਿੰਨ੍ਹਾ ਨੂੰ ਲੈਕੇ ਆਪਣੇ ਬਾਗ਼ ਵੱਲ ਗਏ ਅਤੇ ਇਕ ਚਦੱਰ ਵਿਛਾ ਦਿੱਤੀ । ਫਿਰ ਛੇਤੀ ਨਾਲ ਬਾਗ਼ ਵੱਲ ਗਏ ਅਤੇ ਖਜੂਰਾਂ ਦੀ ਪੂਰੀ ਟਾਹਣੀ ਕੱਟ ਲਿਆਏ ਜਿਸ ਵਿੱਚ ਕੁਝ ਕੱਚੇ ਪੱਕੇ ਫਲ ਸਨ । ਇਸ'ਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਨੇ ਫ਼ਰਮਾਇਆ ਕਿ ਹੇ, ਅਬੁਲ ਹੇਸਮ, ਤੁਸੀਂ ਕੇਵਲ ਪਕੀਆਂ ਖਜੂਰਾਂ ਚੁਣਕੇ ਕਿਉਂ ਨਹੀਂ ਲਿਆਏ, ਤਾਂ ਅਰਜ਼ ਕੀਤੀ ਕਿ ਹੇ, ਰਸੂਲੁਲੱਾਹ ਮੈਂ ਚਾਹਿਆ ਕਿ ਆਪ ਆਪਣੀ ਪਸੰਦ ਅਨੁਸਾਰ ਪਕੀਆਂ ਖਜੂਰਾਂ ਚੁਣਕੇ ਖਾ ਲੈਂਣ । ਆਪ ਸਲਲੱਾਹੁ ਅਲੈਹਿ ਵਸਲਮ ਅਤੇ ਹਜ਼ਰਤ ਅਬੂਬਕਰ ਤੇ ਹਜ਼ਰਤ ਉਮਰ ਨੇ ਖਜੂਰਾਂ ਖਾਧੀਆਂ ਅਤੇ ਪਾਣੀ ਪੀਤਾ । ਇਸ ਦਾ ਬਾਦ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੁਮ ਨੇ ਫ਼ਰਮਾਇਆ, ਰੱਬ ਦੀ ਸਹੁੰ ਇਹ ਉਹ ਨੇਮਾਤਾਂ ਹਨ ਜਿੰਨ੍ਹਾਂ ਬਾਰੇ ਤੁਸੀਂ ਕਯਾਮਤ ਦੇ ਦਿਨ ਪੁੱਛੇ ਜਾਓਗੇ ਅਰਥਾਤ ਠੰਡੀ ਛਾਂ ਅਤੇ ਠੰਡਾ ਪਾਣ ਅਤੇ ਤਾਜ਼ਾ ਖਜੂਰਾਂ ।

ਇਕ ਵਾਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਜਰਤ ਅਬੁਲ ਹੇਸਮ ਨੂੰ ਇਕ ਜੰਗੀ ਕੈਦੀ ਗ਼ੁਲਾਮ ਦੇ ਰੂਪ ਵਿੱਚ ਦਿਤੱਾ ਤਾਂ ਆਪ ਨੇ ਉਸ ਨੂੰ ਆਜ਼ਾਦ ਕਰ ਦਿਤੱਾ । ਹਜ਼ਰਤ ਅਬੁਲ ਹੇਸਮ ਬਦਰ ਦੀ ਜੰਗ, ਉਹਦ ਦੀ ਜੰਗ ਅਤੇ ਹੋਰਨਾ ਸਾਰੀਆਂ ਜੰਗਾ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਨ । ਮੌਤਾ ਦੀ ਜੰਗ ਵਿੱਚ ਹਜ਼ਰਤ ਅਬਦੁਲੱਾਹ ਬਿਨ ਰਵਾਹਾ ਦੀ ਸ਼ਹਾਦਤ ਦੇ ਬਾਦ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬੁਲ ਹੇਸਮ ਨੂੰ ਖ਼ੈਬਰ ਵਿੱਚ ਖਜੂਰਾਂ ਦੇ ਫਲ ਦਾ ਅਨੁਮਾਨ ਲਾਉਣ ਲਈ ਵੀ ਭਿਜਵਾਇਆ ਸੀ ।

ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਵਫ਼ਾਤ ਦੇ ਬਾਦ ਜੱਦ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨੇ ਆਪ ਨੂੰ ਖਜੂਰਾਂ ਦੇ ਅਨੁਮਾਨ ਲਈ ਭਿਜਵਾਉਂਣਾ ਚਾਹਿਆ ਤਾਂ ਆਪ ਨੇ ਇਸ ਤੋਂ ਖਿਮਾ ਮੰਗ ਲਈ । ਹਜ਼ਰਤ ਅਬੂਬਕਰ ਰਜ਼ੀ ਅਲੱਹ ਅਨਹੁ ਨੇ ਇਸ ਦਾ ਸਬਬ ਪੁੱਛਿਆ ਤਾਂ ਬਹੁਤ ਭਾਵਨਾਤਮਕ ਰੂਪ ਵਿੱਚ ਅਰਜ਼ ਕੀਤੀ ਕਿ ਆਪ ਸਲਲੱਾਹੁ ਅਲੈਹਿ ਵਸਲਮ ਦੇ ਸਮੇਂ ਜੱਦ ਮੈਂ ਖਜੂਰਾਂ ਦਾ ਅਨੁਮਾਨ ਲਾਕੇ ਵਾਪਸ ਪਰਤਦਾ ਸੀ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਮੇਰੇ ਲਈ ਦੁਆ ਕਰਦੇ ਸਨ । ਆਪ ਦੀ ਇਹ ਮਾਨਸਕ ਅਵਸਥਾ ਦੇਖਕੇ ਹਜ਼ਰਤ ਅਬੂਬਕਰ ਰਜ਼ੀ ਅਲੱਾਹ ਅਨਹੁ ਨੇ ਆਪ ਨੂੰ ਨਹੀਂ ਭਿਜਵਾਇਆ । ਫਿਰ ਜੱਦ ਹਜ਼ਰਤ ਉਮਰ ਦੇ ਜ਼ਮਾਨੇ ਵਿੱਚ ਖ਼ੈਬਰ ਦੀ ਧਰਤੀ ਦਾ ਅਨੁਮਾਨ ਲਾਉਣ ਲਈ ਆਪ ਨੂੰ ਭਿਜਵਾਇਆ ਗਿਆ ਤਾਂ ਆਪ ਝੱਟ ਚਲੇ ਗਏ । ਕਿਉਂਕਿ ਹੁਣ ਉਹ ਭਾਵਨਾਤਮਕ ਅਵਸਥਾ ਨਹੀਂ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੁਮਏ ਅਤੇ ਨਮਾਜ਼ ਦੇ ਬਾਦ ਮੈਂ ਦੋ ਨਮਾਜ਼ ਜਨਾਜ਼ਾ ਗ਼ੈਬ ਪੜ੍ਹਾਵਾਂਗਾ । ਪਹਿਲਾ ਜਨਾਜ਼ਾ ਮੁਕਰੱਮ ਸਾਹਿਬਜ਼ਾਦਾ ਮਿਰਜ਼ਾ ਮਜੀਦ ਅਹਮਦ ਸਾਹਬ ਦਾ ਹੈ, ਜੋ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਦੇ ਪੁਤੱਰ ਸਨ, 14 ਅਗਸਤ ਨੂੰ 94 ਸਾਲ ਦੀ ਉਮਰ ਵਿੱਚ ਇਹਨਾ ਦੀ ਵਫ਼ਾਤ ਹੋਈ ਹੈ اناللهوانااليهراجعون۔ । 18 ਜੁਲਾਈ 1924 ਈ. ਨੂੰ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਬ ਅਤੇ ਮੁਕਰੱਮ ਸਰਵਰ ਸੁਲਤਾਨਾ ਬੇਗ਼ਮ ਸਾਹਿਬਾ ਬਿੰਤ ਹਜ਼ਰਤ ਗ਼ੁਲਾਮ ਹਸਨ ਸਾਹਬ ਪਿਸ਼ਾਵਰੀ ਦੇ ਘਰ ਇਹਨਾ ਦਾ ਜਨਮ

ਕਾਦੀਆਂ ਵਿੱਚ ਹੋਇਆ । ਮਿਰਜ਼ਾ ਮਜੀਦ ਅਹਮਦ ਸਾਹਬ ਨੇ 7 ਮਈ 1944 ਈ. ਨੂੰ ਆਪਣਾ ਜੀਵਨ ਧਾਰਮਕ ਸੇਵਾ ਲਈ ਅਰਪਣ ਕਰ ਦਿਤੱਾ ਨਾਲ ਹੀ ਪੜ੍ਹਾਈ ਵੀ ਜਾਰੀ ਰੱਖੀ । ਦਸੰਬਰ 1949 ਈ. ਵਿੱਚ ਜਾਮਿਆਤੁਲ ਮੁਬੱਸ਼ਿਰੀਨ ਵਿੱਚ ਦਾਖ਼ਲ ਹੋਏ ਅਤੇ 1954 ਈ. ਵਿੱਚ ਜਾਮਿਆ ਪਾਸ ਕੀਤਾ । ਇਹਨਾ ਦਾ ਨਿਕਾਹ 28 ਦਸੰਬਰ 1950 ਈ. ਨੂੰ ਜਲਸਾ ਸਾਲਾਨਾ ਦੇ ਤੀਜੇ ਦਿਨ ਸਾਹਿਬਜ਼ਾਦੀ ਕੁਦਸੀਆ ਬੇਗ਼ਮ ਸਾਹਿਬਾ ਬਿੰਤ ਹਜ਼ਰਤ ਨਵਾਬ ਅਬਦੁਲੱਾਹ ਖ਼ਾਨ ਸਾਹਬ ਅਤੇ ਹਜ਼ਰਤ ਨਵਾਬ ਅਮਤੁਲ ਹਫ਼ੀਜ਼ ਬੇਗ਼ਮ ਸਾਹਿਬਾ ਨਾਲ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਪੜ੍ਹਿਆ । ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ਅਲਫ਼ਜ਼ਲ ਵਿੱਚ ਬਕਾਇਦਾ ਲੇਖ ਲਿੱਖਿਆ ਕਰਦੇ ਸਨ ਵਿਦਵਾਨ ਵਿਅਕਤੀ ਸਨ । ਇਹ ਲੇਖ ਪੁਸਤਕ ਦੀ ਅਵਸਥਾ ਵਿੱਚ 'ਨੁਕਤਾਏ ਨਜ਼ਰ' ਦੇ ਨਾਂ ਨਾਲ ਛਾਪੇ ਗਏ ਹਨ । ਪੜ੍ਹਨ ਲਿਖੱਣ ਦਾ ਬਹੁਤ ਸ਼ੌਕ ਸੀ । ਮੈਂ ਵੀ ਦੇਖਿਆ ਹੈ ਲਾਇਬ੍ਰੇਰੀ ਵਿੱਚ ਅਧਿਐਨ ਵਿੱਚ ਸਮਾਂ ਲੰਘਾਉਂਦੇ ਸਨ । ਇਹਨਾਂ ਦੀ ਨੂਹ ਮਿਰਜ਼ਾ ਗ਼ੁਲਾਮ ਕਾਦਰ ਸ਼ਹੀਦ ਦੀ ਵਿਧਵਾ ਅਮਤੁਨ ਨਾਸਰ ਲਿਖੱਦੀ ਹਨ ਕਿ ਬਹੁਤ ਹੀ ਪਿਆਰ ਕਰਨ ਵਾਲੇ ਉਚੱ ਸਮਰਥਾ ਦੇ ਮਾਲਕ ਸਨ, ਨੇਕ ਅਤੇ ਖੁੱਲੇ ਸੁਭਾਉ ਦੇ ਮਨੁੱਖ ਸਨ । ਆਪਣੇ ਪੁਤੱਰ ਮਿਰਜ਼ਾ ਗ਼ੁਲਾਮ ਕਾਦਰ ਸ਼ਹੀਦ ਦੀ ਸ਼ਹਾਦਤ ਉਪੱਰ ਬਹੁਤ ਸਬਰ ਦਾ ਨਮੂਨਾ ਦਿਖਾਇਆ । ਅਲੱਾਹ ਤਆਲਾ ਇਹਨਾਂ ਨਾਲ ਬਖ਼ਸ਼ਿਸ਼ ਤੇ ਰਹਿਮ ਦਾ ਵਰਤਾਉ ਕਰੇ ਅਤੇ ਇਹਨਾ ਦੇ ਬੱਚਿਆਂ ਨੂੰ ਵੀ ਇਹਨਾਂ ਦੀਆਂ ਨੇਕੀਆਂ ਜਾਰੀ ਰਖੱਣ ਦਾ ਸੰਜੋਗ ਪ੍ਰਦਾਨ ਕਰੇ ਅਤੇ ਹਮੇਸ਼ਾ ਖ਼ਿਲਾਫ਼ਤ ਅਤੇ ਜਮਾਤ ਨਾਲ ਜੋੜੀ ਰੱਖੇ ।

ਦੂਜਾ ਜਨਾਜ਼ਾ ਮੁਕਰੱਮਾ ਸਯੱਦਾ ਨਸੀਮ ਅਖ਼ਤਰ ਸਾਹਿਬਾ ਦਾ ਹੈ ਜੋ ਮੁਹਮੱਦ ਯੂਸਫ਼ ਸਾਹਬ ਦੀ ਸੁਪਤਨੀ ਸਨ । ਇਹਨਾਂ ਦੀ 27 ਜੁਲਾਈ 2018 ਈ. ਨੂੰ ਵਫ਼ਾਤ ਹੋਈ ਹੈ (اناللهواناالیەراجعون) । ਇਹ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸਹਾਬੀ ਹਜ਼ਰਤ ਵਲੀ ਮੁਹਮੱਦ ਸਾਹਬ ਦੀ ਪੋਤੀ ਅਤੇ ਕਾਜ਼ੀ ਦੀਨ ਮੁਹਮੱਦ ਸਾਹਬ ਦੀ ਬੇਟੀ ਸਨ । ਅਲੱਾਹ ਤਆਲਾ ਮਰਹੂਮਾ ਦੇ ਦਰਜੇ ਬੁਲੰਦ ਕਰੇ ਅਤੇ ਇਹਨਾਂ ਦੀਆਂ ਨੇਕੀਆਂ ਇਹਨਾਂ ਦੀ ਨਸਲਾਂ ਵਿੱਚ ਜਾਰੀ ਰੱਖੇ ।

**Khulasa Khutba Jumma 17.08.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131